## ਪਰਿਵਾਰਾਂ ਨੂੰ CLIC ਸਾਰਜੰਟ ਦੇ ਖੇਡਾਂ ਬਾਰੇ ਵਿਸ਼ੇਸਗ ਕਿੱਥੇ ਮਿਲ ਸਕਦੇ ਹਨ ?

ਉਹ ਤੁਹਾਨੂੰ ਦੇਸ਼ ਭਰ ਵਿਚ ਬਾਲ ਆੱਨਕਾਲੋਜੀ ਵਾਰਡਾਂ ਵਿਚ ਮਿਲ ਜਾਣਗੇ।

## ਉਨ੍ਹਾਂ ਦੀ ਨਿਤ ਦਿਨ ਦੀ ਭੂਮਿਕਾ ਕੀ ਹੈ ?

- CLIC ਸਾਰਜੰਟ ਦੇ ਖੇਡ ਵਿਸ਼ੇਸ਼ਗ ਹਰ ਰੋਜ਼ ਬੱਚਿਆਂ ਦੇ ਕਰਨ ਲਈ ਪੜ੍ਹਨ ਤੋਂ ਲੈਕੇ ਮੌਜ ਮਸਤੀ ਅਤੇ ਖੇਡਾਂ ਤਕ ਕੋਈ ਨਾ ਕੋਈ ਕੰਮ ਲਭ ਲੈਂਦੇ ਹਨ। ਉਹ ਧਿਆਨ ਨਾਲ ਅਜਿਹੀਆਂ ਸਰਗਰਮੀਆਂ ਚੁਣਦੇ ਹਨ, ਜਿਨ੍ਹਾਂ ਵਿਚ ਹਰ ਉਮਰ ਦੇ ਅਤੇ ਹਰ ਤਰ੍ਹਾਂ ਦੀ ਯੋਗਤਾ ਵਾਲੇ ਬੱਚੇ ਹਿੱਸਾ ਲੈ ਸਕਣ ਅਤੇ ਪ੍ਰਾਪਤੀ ਅਤੇ ਸਾਂਝ ਦੀ ਭਾਵਨਾ ਮਹਿਸੂਸ ਕਰਨ।
- ਖੇਡਣ ਅਤੇ ਸਰਗਰਮੀਆਂ ਨਾਲ ਬੱਚਿਆਂ ਦਾ ਵਿਕਾਸ ਅਤੇ ਪੜ੍ਹਾਈ ਜਾਰੀ ਰਖਣ ਵਿਚ ਮਦਦ ਮਿਲਦੀ ਹੈ। ਇਹ ਬੜਾ ਜ਼ਰੂਰੀ ਵੀ ਹੈ, ਕਿਉਂਕਿ ਬੱਚਿਆਂ ਨੂੰ ਲਗਾਤਾਰ ਕਈ ਹਫ਼ਤੇ ਨਰਸਰੀ ਜਾਂ ਸਕੂਲ ਤੋਂ ਦੂਰ ਰਹਿਣਾ ਪੈ ਸਕਦਾ ਹੈ।
- ਸਾਡੇ ਵਿਸ਼ੇਸ਼ਗ, ਬੱਚਿਆਂ ਨੂੰ ਇਸ ਗੱਲ ਲਈ ਤਿਆਰ ਕਰਨ ਵਿਚ ਮਦਦ ਕਰਦੇ ਹਨ ਕਿ ਉਨ੍ਹਾਂ ਦਾ ਕੀ ਇਲਾਜ ਹੋਣ ਵਾਲਾ ਹੈ ਅਤੇ ਇਸ ਨਾਲ ਕੀ ਹੋਵੇਗਾ। ਮਿਸਾਲ ਦੇ ਤੌਰ ’ਤੇ ਗਰੁੱਪ ਸਰਗਰਮੀਆਂ ਵਿਚ ਬੱਚੇ, ਨਰਸਾਂ ਅਤੇ ਡਾਕਟਰਾਂ ਵਰਗੇ ਕਪੜੇ ਪਹਿਨਕੇ ਉਨ੍ਹਾਂ ਦਾ ਅਭਿਨੇ ਕਰਦੇ ਹਨ ਅਤੇ ਇਸ ਤਰ੍ਹਾਂ ਉਨ੍ਹਾਂ ਨੂੰ ਪਤਾ ਲਗਦਾ ਹੈ ਕਿ ਹਰ ਕੋਈ ਇਕੋ ਜਹੇ ਅਨੁਭਵ ਵਿਚੋਂ ਗੁਜ਼ਰ ਰਿਹਾ ਹੈ। ਇਕ ਬੱਚੇ ਨਾਲ ਕੰਮ ਕਰਦਿਆਂ, ਵਿਸ਼ੇਸ਼ਗ, ਮਾਡਲਾਂ, ਟੈਡੀਆਂ ਅਤੇ ਫ਼ੋਟੋ ਤਸਵੀਰਾਂ ਦੀ ਵਰਤੋਂ ਦੁਆਰਾ ਸਮਝਾਉਂਦੇ ਹਨ ਕਿ ਇਲਾਜ ਦੌਰਾਨ ਉਨ੍ਹਾਂ ਦੇ ਸਰੀਰ ’ਤੇ ਕੀ ਅਸਰ ਪਵੇਗਾ।
- ਵਿਸ਼ੇਸ਼ਗ ਸਰਲ ਪ੍ਰਕਿਰਿਆਵਾਂ ਦੌਰਾਨ ਵੀ ਬੱਚਿਆਂ ਦਾ ਧਿਆਨ ਦੂਜੇ ਪਾਸੇ ਪਾਉਣ ਲਈ ਖੇਡਾਂ ਦੀ ਵਰਤੋਂ ਕਰਦੇ ਹਨ। ਪ੍ਰਕਾਸ਼ ਅਤੇ ਆਵਾਜ ਵਾਲੀਆਂ ਕਿਤਾਬਾਂ, ਉਂਗਲ ਕਠਪੁਤਲੀਆਂ ਅਤੇ ਹੋਰ ਰੰਗਬਰੰਗੇ ਖਿਡੌਣੇ ਬੱਚੇ ਦਾ ਧਿਆਨ ਆਪਣੇ ਵਲ ਖਿੱਚ ਸਕਦੇ ਹਨ, ਅਤੇ ਖ਼ੂਨ ਟੈਸਟ ਵਰਗੀਆਂ ਪ੍ਰਕਿਰਿਆਵਾਂ ਵਧੇਰੇ ਆਸਾਨ ਹੋ ਜਾਂਦੀਆਂ ਹਨ।

## ਖੇਡ ਵਿਸ਼ੇਸ਼ਗ ਇਨੇਂ ਅਹਿਮ ਕਿਉਂ ਹਨ ?

ਉਹ ਬੱਚਿਆਂ ਨੂੰ, ਹਸਪਤਾਲ ਵਿਚ ਹੋਣ ਦੇ ਬਾਵਜੂਦ ਆਪੋ ਵਿਚ ਮਿਲਣ ਜੁਲਣ ਅਤੇ ਆਮ ਵਾਂਗ ਖੇਡਣ ਅਤੇ ਸਿੱਖਣ ਦੀਆਂ ਸਰਗਰਮੀਆਂ ਵਿਚ ਹਿੱਸਾ ਲੈਣ ਲਈ ਮਦਦ ਦਿੰਦੇ ਹਨ। ਬੱਚਿਆਂ ਨੂੰ ਉਨ੍ਹਾਂ ਦੀ ਬੀਮਾਰੀ ਅਤੇ ਅਗੋਂ ਕੀ ਹੋ ਸਕਦਾ ਹੈ, ਇਸ ਬਾਰੇ ਸਮਝਾ ਕੇ, ਉਨ੍ਹਾਂ ਨੂੰ ਆਪਣੇ ਡਰ ਅਤੇ ਚਿੰਤਾਵਾਂ ਨਾਲ ਨਜਿੱਠਣ ਦੇ ਯੋਗ ਬਣਾਉਂਦੇ ਹਨ।

## ਕੀ ਇਸ ਮਦਦ ਲਈ ਪਰਿਵਾਰਾਂ ਨੂੰ ਕੁਝ ਖ਼ਰਚਾ ਕਰਨਾ ਪੈਂਦਾ ਹੈ ?

ਨਹੀਂ। ਖੇਡਾਂ ਬਾਰੇ ਵਿਸ਼ੇਸ਼ਗਾਂ ਨੂੰ CLIC ਸਾਰਜੰਟ ਕੋਲੋਂ ਮਾਲੀ ਇਮਦਾਦ ਮਿਲਦੀ ਹੈ। ਉਨ੍ਹਾਂ ਦਾ ਰੋਜ਼ ਦਾ ਕੰਮ ਸਾਡੇ ਇਸ ਮਿਸ਼ਨ ਦਾ ਇਕ ਹਿੱਸਾ ਹੈ, ਕਿ ਹਰ ਪਰਿਵਾਰ ਦਾ ਖ਼ਿਆਲ ਰਖਿਆ ਜਾਵੇ ਅਤੇ ਮਾਰਗ ਦੇ ਹਰ ਕਦਮ ’ਤੇ ਉਸਦੀ ਸਹਾਇਤਾ ਕੀਤੀ ਜਾਵੇ, ਤਾਂ ਜੋ ਤੁਸੀਂ ਆਪਣਾ ਪੂਰਾ ਧਿਆਨ ਬੱਚੇ ਦੇ ਰਾਜ਼ੀ ਹੋਣ ਵਲ ਦੇ ਸਕੋ।

ਵਿਸ਼ੇਸ਼ਗ ਖੇਡ ਸੇਵਾਵਾਂ
ਕੈਂਸਰ ਤੋਂ ਪੀੜਤ ਬੱਚਿਆਂ ਦੀ ਸਹਾਇਤਾ ਲਈ

**ਹੋਰ ਜਾਣਕਾਰੀ ਲਈ ਅਤੇ CLIC ਸਾਰਜੰਟ ਦੀ ਸਹਾਇਤਾ ਦੇ ਤਰੀਕਿਆਂ ਲਈ, ਕਿਰਪਾ ਕਰਕੇ ਇਸ ਨੰਬਰ ’ਤੇ ਫ਼ੋਨ ਕਰੋ :**

**੦੮੦੦·੧੯੭·੦੦੬੮**

ਜਾਂ ਦੇਖੋ ਵੈੱਬਸਾਈਟ :
www.clicsargent.org.uk

ਰਜਿਸਟਰਡ ਚੈਰਿਟੀ (ਨੰਬਰ 1107328)

ਵਿਸ਼ੇਸ਼ਗ ਦੇਖਭਾਲ
ਮਾਰਗ ਦੇ ਹਰ ਕਦਮ ’ਤੇ

CLIC Sargent
Caring for Children with Cancer

# ਵਿਸ਼ੇਸ਼ਗ ਖੇਡ ਸੇਵਾਵਾਂ

ਕੈਂਸਰ ਤੋਂ ਪੀੜਤ ਬੱਚਿਆਂ
ਦੀ ਸਹਾਇਤਾ ਲਈ



# ਕੀ ਸਭ ਤੋਂ ਕਠਿਨ ਸਮੇਂ 'ਤੇ ਕੁਝ ਵਧੀਕ ਵਿਸ਼ੇਸ਼ ਦੇਖਭਾਲ ਦੀ ਜ਼ਰੂਰਤ ਹੈ ?

ਦਿਮਾਗ਼ ਵਿਚ ਤਿੰਨ ਟਿਊਮਰ ਹੋਣ ਦਾ ਪਤਾ ਲਗਣ ਦਾ ਮਤਲਬ ਸੀ, ਕਿ ਜੈਮਾ (Gemma) ਨੂੰ ਕਠਿਨ ਇਲਾਜ ਸਹਿਣਾ ਪਵੇਗਾ। ਉਸਦੀ ਮਾਤਾ ਕ੍ਰਿਸਟੀਨ (Christine) ਨੇ ਵਿਸਥਾਰ ਨਾਲ ਦੱਸਿਆ ਹੈ ਕਿ ਕਿਵੇਂ CLIC ਦੀ ਖੇਡ ਵਿਸ਼ੇਸ਼ਗ ਰ੍ਹੋਂਡਾ (Rhonda) ਨੇ ਉਸਦੀ ਮਦਦ ਕੀਤੀ।




"ਜੈੱਮ (Gem) ਦੇ ਇਲਾਜ ਦੀ ਵਿਓਂਤਬੰਦੀ ਉਹਦੇ ਲਈ ਬੜੀ ਦੁਖਦਾਇਕ ਸੀ। ਉਸਦੇ ਸਿਰ ਦੇ ਸਾਮ੍ਹਣੇ ਵਾਲੇ ਅਤੇ ਪਿਛਲੇ ਹਿੱਸੇ ਲਈ ਪਲਾਸਟਿਕ ਦਾ ਇਕ ਮਾਸਕ ਬਣਵਾਉਣਾ ਪਿਆ ਅਤੇ ਜਦੋਂ ਇਲਾਜ ਸ਼ੁਰੂ ਹੋਇਆ, ਤਾਂ ਮਾਸਕ ਦੇ ਦੋਵੇਂ ਹਿੱਸੇ, ਜਿਨ੍ਹਾਂ ਅੰਦਰ ਜੈੱਮ ਦਾ ਸਿਰ ਸੀ ਮੇਜ਼ ਨਾਲ ਪੇਚ ਲਾਕੇ ਅਤੇ ਕੱਸ ਕੇ ਜੋੜ ਦਿੱਤੇ ਗਏ, ਤਾਂ ਜੋ ਉਹ ਇਕ ਠੀਕ ਥਾਂ 'ਤੇ ਟਿਕੀ ਰਹੇ।

ਹਸਪਤਾਲ ਵਿਚ ਰ੍ਹੋਂਡਾ, CLIC ਸਾਰਜੰਟ ਦੀ ਖੇਡ ਵਿਸ਼ੇਸ਼ਗ, ਮੇਰੇ ਲਈ ਇਕ ਸੰਜੀਵਨੀ ਸੀ। ਉਸਦੇ ਬਹੁਤ ਹੀ ਰੁਝੇਵੇਂ ਸਨ, ਪਰ ਇੰਜ ਲਗਦਾ ਸੀ ਜਿਵੇਂ ਸਾਡੇ ਲਈ ਉਸ ਕੋਲ ਹਮੇਸ਼ਾ ਹੀ ਵਕਤ ਹੋਵੇ। ਉਹ ਹਰ ਗੱਲ ਅਜਿਹੇ ਤਰੀਕੇ ਨਾਲ ਸਮਝਾਉਂਦੀ, ਕਿ ਜੈੱਮ ਸਮਝ ਲੈਂਦੀ। ਉਸਨੇ ਜੈੱਮ ਨੂੰ ਇਕ ਖਿਡੌਣਾ ਮਾਸਕ ਬਣਾਉਣ ਵਿਚ ਮਦਦ ਕੀਤੀ, ਤਾਂ ਜੋ ਜੈੱਮ ਨੂੰ ਪਤਾ ਹੋਵੇ ਕਿ ਅਗੋਂ ਕੀ ਹੋਣਾ ਹੈ।

ਨਾਲੇ ਅਸੀਂ ਖੇਡਾਂ ਵਾਲੇ ਕਮਰੇ ਵਿਚ ਬਹੁਤ ਚਿਰ ਖੇਡਦੇ ਰਹਿੰਦੇ, ਤਾਂ ਜੋ ਜੈੱਮ ਦਾ ਧਿਆਨ ਆਪਣੇ ਕੈਂਸਰ ਵਲੋਂ ਹਟਿਆ ਰਹੇ। ਪਿ ਲੇ ਕੁਝ ਸਾਲ ਬਹੁਤ ਹੀ ਮੁਸ਼ਕਲ ਵਾਲੇ ਰਹੇ ਹਨ, ਪਰ ਮੈਂ ਸੱਚੇ ਦਿਲੋਂ ਸਮਝਦੀ ਹਾਂ ਕਿ ਜੇ ਰ੍ਹੋਂਡਾ ਨਾ ਹੁੰਦੀ ਤਾਂ ਇਹ ਵਕਤ ਹੋਰ ਵੀ ਦੁਖਦਾਇਕ ਹੋਣਾ ਸੀ। ਉਸਦੇ ਜ਼ਿਮੇ ਇਕ ਬਹੁਤ ਖ਼ਾਸ ਕਿਸਮ ਦਾ ਕੰਮ ਹੈ ਅਤੇ ਮੈਂ ਚਾਹੁੰਦੀ ਹਾਂ ਕਿ ਵਧੇਰੇ ਲੋਕਾਂ ਨੂੰ ਇਸਦੀ ਜਾਣਕਾਰੀ ਹੋਵੇ।"

## CLIC ਸਾਰਜੰਟ ਖੇਡ ਵਿਸ਼ੇਸ਼ਗ

ਜਦੋਂ ਕਿਸੇ ਬੱਚੇ ਨੂੰ ਕੈਂਸਰ ਜਾਂ ਲਿਊਕੀਮੀਆ ਹੋਣ ਦੀ ਤਸ਼ਖ਼ੀਸ ਕੀਤੀ ਜਾਂਦੀ ਹੈ, ਤਾਂ ਉਸਦਾ ਇਲਾਜ ਤਕਰੀਬਨ ਫ਼ੌਰਨ ਸ਼ੁਰੂ ਹੋ ਜਾਂਦਾ ਹੈ। ਇਹ ਬੱਚੇ ਲਈ ਇਨਾਂ ਕਠਿਨ ਹੋ ਸਕਦਾ ਹੈ, ਜਿੰਨਾਂ ਕਿ ਸੋਚਿਆ ਵੀ ਨਹੀਂ ਜਾ ਸਕਦਾ, ਅਤੇ ਇਲਾਜ ਇਕ ਸਮੇਂ 'ਤੇ ਜੇ ਮਹੀਨੇ ਨਹੀਂ ਤਾਂ ਕਈ ਹਫ਼ਤੇ ਜ਼ਰੂਰ ਚਲ ਸਕਦਾ ਹੈ।



## ਖੇਡ ਤੋਂ ਵਧ ਹੈ

ਇਹੀ ਵਜ੍ਹਾ ਹੈ ਕਿ CLIC ਸਾਰਜੰਟ ਦੇ ਖੇਡ ਵਿਸ਼ੇਸ਼ਗ ਬਾਲ ਔਨਕਾਲੋਜੀ ਵਾਰਡਾਂ ਵਿਚ ਹੁੰਦੇ ਹਨ। ਬੱਚਿਆਂ ਦੇ ਬੈੱਡ ਦੇ ਨੇੜੇ ਜਾਂ ਖੇਡ ਕਮਰਿਆਂ ਵਿਚ ਕੰਮ ਕਰਦਿਆਂ ਹੋਇਆਂ, ਉਹ ਵਾਰਡ ਵਿਚ ਖੇਡ ਅਤੇ ਸਰਗਰਮੀਆਂ ਦੁਆਰਾ 'ਆਮ ਵਾਂਗ ਹੈ' ਦੀ ਭਾਵਨਾ ਪੈਦਾ ਕਰਦੇ ਹਨ। ਉਹ ਬੱਚੇ ਕੋਲ ਬੈਠਕੇ ਆਰਾਮ ਨਾਲ ਕਿਤਾਬ ਪੜ੍ਹਨ ਤੋਂ ਲੈਕੇ, ਬੱਚਿਆਂ ਦੇ ਇਕ ਗਰੁੱਪ ਨੂੰ ਇਕੱਠਿਆਂ ਹੱਥੀਂ ਵੰਨ ਸੁਵੰਨੀਆਂ ਚੀਜ਼ਾਂ ਬਣਾਉਣੀਆਂ ਸਿਖਾਉਂਦੇ ਹਨ ਅਤੇ ਇਸ ਤਰ੍ਹਾਂ ਇਨ੍ਹਾਂ ਸਰਗਰਮੀਆਂ ਨੂੰ ਦਿਲਚਸਪੀ ਅਤੇ ਖ਼ੁਸ਼ੀ ਦਾ ਸਾਧਨ ਬਣਾ ਦਿੰਦੇ ਹਨ।

ਉਨ੍ਹਾਂ ਦਾ ਇਕ ਹੋਰ ਅਹਿਮ ਕੰਮ ਖੇਡ ਦੁਆਰਾ ਬੱਚਿਆਂ ਨੂੰ ਇਲਾਜ ਲਈ ਤਿਆਰ ਕਰਨਾ ਅਤੇ ਇਸ ਨੂੰ ਸਹਿਣ ਕਰਨ ਵਿਚ ਮਦਦ ਦੇਣਾ ਹੈ। ਮਿਸਾਲ ਵਜੋਂ ਰੇਡੀਓਥੈਰਿਪੀ ਪੀੜ-ਰਹਿਤ ਹੁੰਦੀ ਹੈ ਅਤੇ ਇਹ ਹਰ ਵਾਰ ਸਿਰਫ਼ ਕੁਝ ਇਕ ਮਿੰਟ ਲਈ ਕੀਤੀ ਜਾਂਦੀ ਹੈ, ਪਰ ਇਸਦੇ ਵੱਡੇ ਸਾਰੇ ਉਪਕਰਣ ਨੂੰ ਦੇਖ ਕੇ ਅਤੇ ਇਸ ਖ਼ਿਆਲ ਕਾਰਨ ਕਿ ਇਸ ਦੌਰਾਨ ਬਿਨਾਂ ਹਿਲੇ ਜੁਲੇ ਚੁਪਚਾਪ ਲੇਟੇ ਰਹਿਣਾ ਹੈ, ਬੱਚੇ ਭੈਭੀਤ ਹੋ ਜਾਂਦੇ ਹਨ। ਅਸੀਂ ਬੱਚੇ ਨੂੰ ਇਹ ਮਹਿਸੂਸ ਕਰਾਉਣ ਦੀ ਕੋਸ਼ਿਸ਼ ਕਰਦੇ ਹਾਂ ਕਿ ਜੋ ਕੁਝ ਹੋ ਰਿਹਾ ਹੈ, ਉਸ 'ਤੇ ਉਨ੍ਹਾਂ ਦਾ ਕੰਟਰੋਲ ਹੈ, ਅਤੇ ਇਸ ਮਨੋਰਥ ਲਈ ਬੱਚਿਆਂ ਨਾਲ ਖੇਡਦੇ ਹਾਂ, ਜਾਂ ਟੈਡੀਆਂ ਜਾਂ ਕਠਪੁਤਲੀਆਂ ਦੀ ਮਦਦ ਨਾਲ ਕਹਾਣੀ ਸੁਣਾਉਂਦੇ ਹਾਂ।

ਇਸਦੇ ਨਤੀਜੇ ਵਜੋਂ ਬੱਚੇ ਸ਼ਾਇਦ ਜ਼ੋਰਦਾਰ ਇਲਾਜ ਝੱਲ ਸਕਦੇ ਹਨ ਅਤੇ ਉਨ੍ਹਾਂ 'ਤੇ ਇਲਾਜ ਦਾ ਜ਼ਿਆਦਾ ਚੰਗੀ ਤਰ੍ਹਾਂ ਅਸਰ ਹੁੰਦਾ ਹੈ।

## ਸਰਬ ਪੱਖੀ ਸਮਰਥਨ

CLIC ਸਾਰਜੰਟ ਦਾ ਵਾਅਦਾ ਹੈ ਕਿ ਤੁਹਾਨੂੰ ਅਤੇ ਹਰ ਪਰਿਵਾਰ ਨੂੰ ਮਾਰਗ ਦੇ ਹਰ ਕਦਮ 'ਤੇ ਸਹਾਇਤਾ ਦਿੱਤੀ ਜਾਵੇਗੀ। ਸਾਡੇ ਵਿਸ਼ੇਸ਼ਗ, ਵਾਰਡ ਵਿਚ ਖੇਡ ਅਤੇ ਹੋਰ ਸਰਗਰਮੀਆਂ ਰਾਹੀਂ ਕੋਸ਼ਿਸ਼ ਕਰਦੇ ਹਨ ਕਿ ਬੱਚੇ ਕਿਸੇ ਨਾ ਕਿਸੇ ਚੀਜ਼ ਵਿਚ ਰੁਝੇ ਰਹਿਣ। ਇਸਤੋਂ ਵੀ ਵਧਕੇ ਉਹ, ਕੈਂਸਰ ਅਤੇ ਇਲਾਜ ਦੀ ਚਿੰਤਾ ਦਾ ਸਾਮ੍ਹਣਾ ਕਰ ਰਹੇ ਤੁਹਾਡੇ ਬੱਚੇ ਨੂੰ ਅਤੀ ਲੋੜੀਂਦਾ ਭਾਵਨਾਤਮਕ ਸਮਰਥਨ ਦਿੰਦੇ ਹਨ।




### ਵਿਸ਼ੇਸ਼ਗ ਕਿਸ ਤਰ੍ਹਾਂ ਦੀਆਂ ਸਰਗਰਮੀਆਂ ਲਈ ਚੀਜ਼ਾਂ ਮੁਹੱਈਆ ਕਰ ਸਕਦੇ ਹਨ ?

ਉਹ ਬੱਚਿਆਂ ਲਈ ਬੋਰਡ ਗੇਮਜ਼, ਕਿਤਾਬਾਂ, ਵੀਡੀਓ, ਡੀ.ਵੀ.ਡੀਜ਼ ਅਤੇ ਕੰਪਿਊਟਰ ਗੇਮਜ਼ ਮੁਹੱਈਆ ਕਰ ਸਕਦੇ ਹਨ ਤਾਂ ਜੇ ਬੱਚੇ ਕਿਸੇ ਨਾ ਕਿਸੇ ਕੰਮ ਵਿਚ ਰੁਝੇ ਰਹਿਣ। ਜਾਂ ਉਹ ਇੱਕ, ਇੱਕ ਬੱਚੇ ਨਾਲ ਵੱਖੋ ਵੱਖਰਿਆਂ ਖੇਡਦੇ ਹਨ ਜਾਂ ਕੁਝ ਪੜ੍ਹਕੇ ਸੁਣਾਉਂਦੇ ਹਨ। ਜਾਂ ਇਕੋ ਜਹੀ ਉਮਰ ਦੇ ਬੱਚਿਆਂ ਨੂੰ ਇਕ ਥਾਂ ਇਕੱਠਾ ਕਰ ਲੈਂਦੇ ਹਨ। ਬੱਚੇ ਆਰਟ ਅਤੇ ਦਸਤਕਾਰੀ ਸੈਸ਼ਨਾਂ ਨੂੰ ਸਭ ਤੋਂ ਵਧ ਪਸੰਦ ਕਰਦੇ ਹਨ, ਜਿਨ੍ਹਾਂ ਵਿਚ ਬੱਚਿਆਂ ਨੂੰ 'ਪੂਰੀ ਛੁੱਟੀ ਹੁੰਦੀ' ਹੈ ਕਿ ਉਹ ਮਿੱਟੀ ਅਤੇ ਰੰਗਾਂ ਨਾਲ ਆਪਣੀ ਪਸੰਦ ਦੀਆਂ ਚੀਜ਼ਾਂ ਬਣਾਉਣ।